**ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਵਿਭਾਗ,ਪੰਜਾਬ**
**ਸਰਵ ਸਿੱਖਿਆ ਅਭਿਆਨ ਅਥਾਰਟੀ (ਪੰਜਾਬ)**
**ਐਸ.ਸੀ.ਓ.ਨੰ:104-106, ਦੂਜੀ ਅਤੇ ਤੀਜੀ ਮੰਜ਼ਿਲ ਸੈਕਟਰ 34-ਏ ਚੰਡੀਗੜ੍ਹ।**

---

ਵੱਲ ,

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ),
ਸਮੂਹ ਜਿਲ੍ਹਾ ਸਾਇੰਸ ਸੁਪਰਵਾਈਜਰਜ਼ ਅਤੇ
ਸਮੂਹ ਸਕੂਲ ਮੁੱਖੀ ,ਪੰਜਾਬ ।

ਮੀਮੋ ਨੰ: ਸਸਅ/ਐਮ.ਸੀ/2012/78713-753
ਮਿਤੀ,ਚੰਡੀਗੜ੍ਹ : 02.05.2012

**ਵਿਸ਼ਾ:- ਅਕਾਦਮਿਕ ਸਾਲ 2012-13 ਲਈ ਜਮਾਤ ਚੌਥੀ ਤੋਂ ਨੌਵੀਂ ਤੱਕ ਦੀ ਪ੍ਰੀਖਿਆ ਅਤੇ ਮੁਲਾਂਕਣ ਬਾਰੇ।**

ਹਵਾਲਾ:- ਮੀਮੋ ਨੰ:50/ਸਸਅ/ਪੈਡਾਗੋਜੀ-ਟੀ.ਟੀ/76881-82 ਮਿਤੀ,ਚੰਡੀਗੜ੍ਹ:28.03.2012

**1.0** ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।

**2.0** ਫੀਲਡ ਵਿੱਚੋ ਆ ਰਹੀ ਲਗਾਤਾਰ ਮੰਗ ਨੂੰ ਮੱਦੇ ਨਜਰ ਰਖਦਿਆਂ ਹੋਏ ਅਕਾਦਮਿਕ ਸ਼ੈਸ਼ਨ 2012-13 ਦੌਰਾਨ ਜਮਾਤ ਚੌਥੀ ਤੋਂ ਨੌਵੀਂ ਤੱਕ ਦੇ ਪ੍ਰੀਖਿਆ ਅਤੇ ਮੁਲਾਂਕਣ ਵਿੱਚ ਜਰੂਰੀ ਸੋਧ ਕੀਤੀ ਜਾ ਰਹੀ ਹੈ।ਇਸ ਲਈ ਅਧਿਆਪਕ ਵਰਗ ਦੀ ਫੀਡਬੈਕ ਲੈਂਦੇ ਹੋਏ ,CCE ਮਾਡਲ ਵਿੱਚ ਸੋਧ ਕਰਨ ਲਈ ਹੈਡਆਫਿਸ ਵਲੋਂ ਇੱਕ ਕਮੇਟੀ ਗਠਿਤ ਕੀਤੀ ਗਈ ਹੈ।ਜਿਸ ਦੀ ਮੀਟਿੰਗ ਉਪਰੰਤ ਪ੍ਰਾਪਤ ਰਿਪੋਰਟ ਅਨੁਸਾਰ ਸੋਧੇ ਹੋਏ ਮਾਡਲ ਦੀਆ ਹਦਾਇਤਾਂ ਜਾਰੀ ਕੀਤੀਆਂ ਜਾਣਗੀਆਂ।

ਕਿਉਂਕਿ ਮੌਜੂਦਾ 2012-13 ਦੇ ਮਾਡਲ ਅਨੁਸਾਰ ਬਾਈਮੰਥਲੀ ਮੁਲਾਂਕਣ ਲਈ ਲੋੜੀਂਦੇ ਟੂਲ ਛੱਪ ਕੇ ਤਿਆਰ ਹੋ ਚੱਕੇ ਹਨ।ਇਸ ਲਈ ਚੌਥੀ ਤੋਂ ਨੌਵੀਂ ਜਮਾਤ ਦੇ ਮਈ ਮਹੀਨੇ ਦਾ ਮੁਲਾਂਕਣ ਹਵਾਲਾ ਅਧੀਨ ਪੱਤਰ ਮੁਤਾਬਿਕ ਹੀ ਹੋਵੇਗਾ ਅਤੇ ਬਕਾਇਦਾ, ਚੌਥੀ ਤੋਂ ਅੱਠਵੀਂ ਜਮਾਤ ਦੇ ਮੁਲਾਂਕਣ ਟੂਲ ਪਹਿਲਾਂ ਦੀ ਤਰ੍ਹਾਂ ਭੇਜੇ ਜਾਣਗੇ।ਇਸ ਦਾ ਬਕਾਇਦਾ ਰਿਕਾਰਡ ਰਖਿਆ ਜਾਵੇਗਾ।

ਮਈ 2012 ਵਿੱਚ ਹੋਣ ਵਾਲੀ ਬਾਈਮੰਥਲੀ ਪ੍ਰੀਖਿਆ ਦੀ ਡੇਟਸ਼ੀਟ ਹੇਠ ਲਿਖੇ ਅਨੁਸਾਰ ਹੈ।

| ਜਮਾਤ | ਵਿਸ਼ਾ | ਮਿਤੀ | ਸਮਾਂ |
|---|---|---|---|
| ਚੌਥੀ ਅਤੇ ਪੰਜਵੀਂ | ਗਣਿਤ | 21.5.2012 | 1:20 ਤੋਂ 2:00 |
| | ਪੰਜਾਬੀ | 22.5.2012 | 1:20 ਤੋਂ 2:00 |
| | ਹਿੰਦੀ | 23.5.2012 | 1:20 ਤੋਂ 2:00 |
| | ਵਾਤਾਵਰਨ | 24.5.2012 | 1:20 ਤੋਂ 2:00 |
| | ਅੰਗਰੇਜੀ | 26.5.2012 | 1:20 ਤੋਂ 2:00 |
| ਛੇਵੀਂ ਤੋਂ ਅੱਠਵੀਂ | ਗਣਿਤ | 21.5.2012 | 8:15 ਤੋਂ 8:55 |
| | ਪੰਜਾਬੀ | 22.5.2012 | 8:15 ਤੋਂ 8:55 |
| | ਸਮਾਜਿਕ ਵਿਗਿਆਨ | 23.5.2012 | 8:15 ਤੋਂ 8:55 |
| | ਹਿੰਦੀ | 24.5.2012 | 8:15 ਤੋਂ 8:55 |
| | ਵਿਗਿਆਨ | 26.5.2012 | 8:15 ਤੋਂ 8:55 |
| | ਅੰਗਰੇਜੀ | 28.5.2012 | 8:15 ਤੋਂ 8:55 |

**3.0** ਉਪਰੋਕਤ ਹਦਾਇਤਾਂ ਦੀ ਇੰਨ ਬਿੰਨ ਪਾਲਣਾ ਕੀਤੀ ਜਾਵੇ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**
**ਪੰਜਾਬ,ਚੰਡੀਗੜ੍ਹ**